# ਅਜਮੇਰ ਸਿੰਘ ਔਲਖ : ਜੀਵਨ ਅਤੇ ਰਚਨਾਵਾਂ

ਆਧੁਨਿਕ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿੱਚ ਅਜਮੇਰ ਸਿੰਘ ਔਲਖ ਦਾ ਇੱਕ ਮਹੱਤਵਪੂਰਨ ਸਥਾਨ ਹੈ। ਉਸਨੇ 1942 ਈ. ਵਿੱਚ ਕਿਸ਼ਨਗੜ੍ਹ ਫਰਵਾਹੀ ਨਾਮ ਦੇ ਪਿੰਡ ਵਿੱਚ ਸ. ਕੌਰ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਵਿੱਚ ਜਨਮ ਲਿਆ। ਅਜਮੇਰ ਸਿੰਘ ਔਲਖ ਹੋਰੀਂ ਚਾਰ ਭਰਾ ਸਨ : ਹਰਨੇਕ ਸਿੰਘ, ਅਜਮੇਰ ਸਿੰਘ, ਜੀਤ ਸਿੰਘ ਅਤੇ ਮਹਿੰਦਰ ਸਿੰਘ। ਔਲਖ ਦਾ ਪਰਿਵਾਰ ਇੱਕ ਨਿਮਨ ਕਿਸਾਨ ਪਰਿਵਾਰ ਸੀ। ਉਹਨਾਂ ਦਿਨਾਂ ਵਿੱਚ ਪਿੰਡਾਂ ਦੀ ਸਾਰੀ ਜ਼ਮੀਨ ਜਾਗੀਰਦਾਰ ਦੀ ਹੋਇਆ ਕਰਦੀ ਸੀ ਅਤੇ ਆਮ ਜੱਟ ਸਿਰਫ਼ ਇਸ ਜ਼ਮੀਨ ਦੇ ਵਾਹਕ ਹੁੰਦੇ ਸਨ। ਉਹਨਾਂ ਨੂੰ ਜ਼ਮੀਨ ਵਿੱਚੋਂ ਪੈਦਾ ਹੋਈ ਜਿਨਸ ਦਾ ਕੇਵਲ ਤੀਜਾ ਹਿੱਸਾ ਮਿਲਦਾ ਸੀ। ਛੋਟੇ ਕਿਸਾਨਾਂ ਦਾ ਜੀਵਨ ਨਰਕ ਬਣਿਆ ਹੋਇਆ ਸੀ। ਮੁਜ਼ਾਰਿਆਂ ਦੇ ਰੂਪ ਵਿੱਚ ਜੀਵਨ-ਨਿਰਬਾਹ ਕਰਨ ਵਾਲੇ ਸਾਰੇ ਕਿਸਾਨ ਆਰਥਿਕ ਤੰਗੀਆਂ ਅਤੇ ਭੁੱਖ-ਨੰਗ ਦਾ ਸ਼ਿਕਾਰ ਸਨ। ਦੇਸ਼ ਦੇ ਆਜ਼ਾਦ ਹੋਣ ਤੱਕ ਮਾਲਵੇ ਦੇ ਕਿਸਾਨ ਖੁਸ਼ੀ [illegible] ਭਰਪੂਰ ਜ਼ਿੰਦਗੀ ਜਿਊਣ ਲਈ ਵਿਲਕ ਰਹੇ ਸਨ। ਜਿਹਤ, ਅਤੇ ਗਰੀਬੀ ਦੇ ਇਹਨਾਂ ਤਜਰਬਿਆਂ ਨੇ ਹੀ ਅਜਮੇਰ ਸਿੰਘ ਔਲਖ ਨੂੰ ਇੱਕ ਨਾਟਕਕਾਰ ਬਣਨ ਲਈ ਪ੍ਰੇਰਿਤ ਕੀਤਾ।

ਅਜਮੇਰ ਸਿੰਘ ਔਲਖ ਨੇ ਸਾਰੀ ਉਮਰ ਆਪਣੇ ਪਰਿਵਾਰ ਨੂੰ ਜੀਵਨ ਦੀਆਂ ਕਠਿਨਾਈਆਂ ਅਤੇ ਵਿਸੰਗਤੀਆਂ ਦੇ ਵਿਰੁੱਧ ਜੂਝਦਿਆਂ ਹੀ ਤੱਕਿਆ। ਪਰਿਵਾਰਕ ਜੀਵਨ ਦੀਆਂ ਅਜਿਹੀਆਂ ਕਠਿਨਾਈਆਂ ਅਤੇ ਅੰਤਰ-ਵਿਰੋਧ ਉਸ ਦੇ ਬਹੁਤ ਸਾਰੇ ਨਾਟਕਾਂ ਦੀ ਵਸਤੂ ਸਮੱਗਰੀ ਬਣੇ ਹਨ। ਅਜਮੇਰ ਸਿੰਘ ਔਲਖ ਦੀ ਸ਼ਖ਼ਸੀਅਤ ਉੱਪਰ ਮਾਰਕਸਵਾਦ ਅਤੇ ਗੁਰਮਤਿ ਵਿਚਾਰਧਾਰਾ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ।

ਅਜਮੇਰ ਸਿੰਘ ਔਲਖ ਦੇ ਬਚਪਨ ਅਤੇ ਚੜ੍ਹਦੀ ਜਵਾਨੀ ਦਾ ਸਮਾਂ ਕਈ ਮੁਸ਼ਕਲਾਂ ਭਰੀ ਸੀ। ਔਲਖ ਦੇ ਪਿਤਾ ਨੂੰ ਕਿਸਾਨੀ ਕੰਮ ਵਿੱਚ ਨਾ ਰੁਚੀ ਇਕ ਦਿਲਚਸਪੀ ਸੀ ਅਤੇ ਨਾ ਕੋਈ ਆਮਦਨੀ ਸ੍ਰੋਤ ਹੀ ਸੀ।

ਉਸ ਦੀ ਰੀਝ ਕੋਈ ਨਾਮੀ ਪਹਿਲਵਾਨ ਬਣ ਕੇ ਪ੍ਰਸਿੱਧ ਹੋਣ ਦੀ ਸੀ। ਪਰ ਉਸਦੀ ਇਹ ਇੱਛਾ ਕਦੇ ਪੂਰੀ ਨਾ ਹੋ ਸਕੀ। ਉਸਨੂੰ ਵਿਰਸੇ ਵਿੱਚ, ਸੱਥ ਵਿੱਚ ਬੈਠ ਕੇ ਗੱਪਾਂ ਮਾਰਨ ਅਤੇ ਇੱਧਰ-ਉੱਧਰ ਤੁਰਨ-ਫਿਰਨ ਦੀ ਹੀ ਲੱਤ ਲੱਗੀ ਸੀ। ਹੋਰ ਲੋਕਾਂ ਵਿਚ ਵਿਚਰਦਾ ਹੋਇਆ ਉਹ ਸ੍ਵੈ-ਪ੍ਰਸੰਸਾ ਦਾ ਰਾਗ ਹੀ ਅਲਾਪਦਾ ਰਹਿੰਦਾ ਸੀ। ਔਲਖ ਦੀ ਮਾਤਾ ਹਰਨਾਮ ਕੌਰ ਸੰਗਰੂਰ ਜ਼ਿਲ੍ਹੇ ਦੇ ਇਕ ਖਾਂਦੇ-ਪੀਂਦੇ ਪਰਿਵਾਰ ਦੀ ਧੀ ਸੀ। ਉਹ ਇੱਕ ਸੂਝਵਾਨ ਔਰਤ ਸੀ ਅਤੇ ਉਸ ਨੇ ਇੱਧਰੋਂ ਉੱਧਰੋਂ ਕਰਜ਼ਾ ਚੁੱਕ ਕੇ ਲੇਖਕ ਨੂੰ ਐਮ.ਏ. ਤੱਕ ਦੀ ਪੜ੍ਹਾਈ ਕਰਵਾਈ। ਲੇਖਕ ਦਾ ਵੱਡਾ ਭਰਾ ਹਰਨੇਕ ਵੀ ਘਰ ਦੇ ਕੰਮ-ਕਾਰ ਵਿੱਚ ਦਿਲਚਸਪੀ ਨਹੀਂ ਸੀ ਲੈਂਦਾ ਬਲਕਿ ਪਿਤਾ ਦੇ ਵੈਲੀ ਕਿਸਮ ਦੇ ਲੋਕਾਂ ਨਾਲ ਬੈਠ ਉੱਠ ਕੇ ਖੁਸ਼ ਰਹਿੰਦਾ ਸੀ। ਪਿਛਲੀ ਉਮਰ ਵਿੱਚ ਉਹ ਨਸ਼ਿਆਂ ਦਾ ਆਦੀ ਹੋ ਗਿਆ ਅਤੇ ਨਸ਼ਿਆਂ ਦੇ ਕਾਰਨ ਹੀ ਉਸਦੀ ਮੌਤ ਹੋ ਗਈ। ਲੇਖਕ ਦਾ ਸਭ ਤੋਂ ਛੋਟਾ ਭਰਾ ਮਹਿੰਦਰ ਖੇਤੀਬਾੜੀ ਦੇ ਕੰਮ ਨੂੰ ਚਲਾਉਂਦਾ ਸੀ। 1980 ਈ. ਵਿੱਚ ਜਦ ਕਿਸਾਨਾਂ ਦੀ ਰੀਸ ਨਾਲ ਉਸ ਨੇ ਟਰੈਕਟਰ ਲੈ ਲਿਆ। ਟਰੈਕਟਰ ਦੀਆਂ ਕਿਸ਼ਤਾਂ ਸੌਖੀਆਂ ਨਾ ਜਾ ਸਕੀਆਂ ਅਤੇ ਇਓਂ 1985 ਵਿੱਚ ਉਹਨਾਂ ਦੀ ਸਾਰੀ ਜ਼ਮੀਨ ਵਿਕ ਗਈ। ਲੇਖਕ ਦਾ ਵਿਚਕਾਰਲਾ ਭਰਾ ਛੱਜ ਸਿੰਘ ਵੀ ਇੱਕ ਸਧਾਰਨ ਕਿਸਮ ਅੜਬ-ਖੱਬ ਵਿਅਕਤੀ ਸੀ। ਉਹ ਸਾਰੀ ਉਮਰ ਕਿਸਾਨੀ ਦੇ ਕੰਮ ਵਿੱਚ ਨਿਪੁੰਨ ਨਾ ਹੋ ਸਕਿਆ।

## ਅਜਮੇਰ ਸਿੰਘ

ਔਲਖ ਦੀ ਸ਼ਾਦੀ 1967 ਵਿੱਚ ਮਨਜੀਤ ਕੌਰ ਨਾਲ ਹੋਈ। ਉਸ ਵਕਤ ਉਹ ਬੀ. ਐੱਡ. ਕਰਕੇ ਇਕ ਸਰਕਾਰੀ ਸਕੂਲ ਵਿੱਚ ਅਧਿਆਪਨ ਕਾਰਜ ਕਰ ਰਹੀ ਸੀ। ਉਸਦਾ ਪਿਤਾ ਪੰਜਾਬ ਪੁਲਿਸ ਵਿੱਚ ਥਾਣੇਦਾਰ ਸੀ ਅਤੇ ਆਰਥਿਕ ਦ੍ਰਿਸ਼ਟੀ ਤੋਂ ਇਹ ਪਰਿਵਾਰ ਲੇਖਕ ਦੇ ਪਰਿਵਾਰ ਨਾਲੋਂ ਚੰਗਾ ਸੌਖਾ ਸੀ। ਲੇਖਕ ਦੇ ਪਰਿਵਾਰ ਦੀ ਤੇ ਕੁਝ ਜ਼ਮੀਨ ਗਹਿਣੇ ਪਈ ਹੋਈ ਸੀ ਅਤੇ ਬਹੁਤ ਕਰਜ਼ਾ ਵੀ ਉਹਨਾਂ ਦੇ ਸਿਰ ਚੜ੍ਹਿਆ ਹੋਇਆ ਸੀ। ਮਨਜੀਤ ਨਾਲ ਵਿਆਹ ਹੋਣ ਪਿੱਛੋਂ ਅਜਮੇਰ ਸਿੰਘ ਔਲਖ ਦੇ ਘਰ ਦੇ ਹਾਲਾਤ ਸੁਧਰਨ ਲੱਗੀਆਂ, ਜਿਸ ਕਾਰਨ ਉਸ ਨੇ ਆਪਣੀ ਸਾਰੀ ਜ਼ਮੀਨ ਛੁਡਾ ਲਈ ਅਤੇ ਕਰਜ਼ਾ ਵੀ ਲਾਹ ਦਿੱਤਾ। ਅਜਮੇਰ ਸਿੰਘ ਔਲਖ ਦੀ ਰਚਨਾਤਮਕ ਪ੍ਰਤਿਭਾ ਦੇ ਵਿਕਾਸ ਵਿੱਚ ਸਭ ਤੋਂ ਮਹੱਤਵਪੂਰਨ ਯੋਗਦਾਨ ਵੀ ਉਸਦੀ

ਪਤਨੀ ਮਨਜੀਤ ਨੂੰ ਇੱਕ ਚਾਹਿਆ। ਲੇਖਕ ਨੇ ਜ਼ਮੀਨ ਛੁਡਾਉਣ ਲਈ ਮਨਜੀਤ ਦੇ ਗਹਿਣੇ ਵੀ ਵੇਚਣੇ ਪਏ। ਪਰ ਲੇਖਕ ਦੇ ਭਰਾਵਾਂ ਨੇ ਇਸ ਕੁਰਬਾਨੀ ਦਾ ਕੋਈ ਕਦਰ ਨਾ ਪਾਈ। ਲੇਖਕ ਦੇ ਅਨੁਸਾਰ ਉਸਦੇ ਭਰਾ ਕੰਮ ਕਾਰ ਵਿੱਚ ਦਿਲਚਸਪੀ ਨਹੀਂ ਸਨ ਲੈਂਦੇ। ਖੇਤੀਬਾੜੀ ਦੇ ਕੰਮ ਉੱਪਰ ਹੋਣ ਵਾਲਾ ਸਾਰਾ ਖਰਚਾ ਆਪ ਕਰਦਾ ਸੀ ਪਰ ਕਮਾਈ ਉਸ ਦੇ ਭਰਾ ਖਾ ਜਾਂਦੇ ਸਨ। ਇਸ ਕਾਰਨ ਲੇਖਕ ਉੱਪਰ ਕਰਜ਼ਾ ਚੜ੍ਹਨ ਲੱਗ ਪਿਆ, ਜਿਸ ਕਾਰਨ 1978 ਈ. ਵਿਚ ਉਸ ਨੇ ਆਪਣੇ ਹੱਥ ਪਿੱਛੇ ਲਏ ਅਤੇ ਪਰਿਵਾਰ ਦੀ ਮਦਦ ਕਰਨੀ ਬੰਦ ਕਰ ਦਿੱਤੀ। ਹੌਲੀ-ਹੌਲੀ ਉਹਨਾਂ ਦੀ ਸਾਰੀ ਜ਼ਮੀਨ ਵਿਕ-ਵਿਕਾ ਗਈ ਅਤੇ ਇਕ ਨਿਮਨ-ਕਿਸਾਨੀ ਪਰਿਵਾਰ ਬੁਰੀ ਤਰ੍ਹਾਂ ਨਾਲ ਟੁੱਟ-ਭੱਜ ਗਿਆ। ਅਜਮੇਰ ਸਿੰਘ ਔਲਖ ਦੇ ਵਿਭਿੰਨ ਨਾਟਕ, ਲਘੂ ਨਾਟਕਾਂ ਵਿਚ ਇਸੇ ਟੁੱਟ-ਭੱਜ ਦੇ ਵਿਭਿੰਨ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ।

## ਸਾਹਿਤਕ ਪ੍ਰਤਿਭਾ ਦਾ ਵਿਕਾਸ :→

ਅਜਮੇਰ ਸਿੰਘ ਔਲਖ ਦੀ ਸਾਹਿਤਕ ਪ੍ਰਤਿਭਾ ਦਾ ਵਿਕਾਸ ਉਸਦੇ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਲੇਖਕ ਨੇ ਦੱਸਿਆ ਸੀ ਕਿ ਪ੍ਰਾਇਮਰੀ ਪੱਧਰ ਦੀ ਪੜ੍ਹਾਈ ਪੂਰੀ ਕਰਨ ਵਾਸਤੇ ਉਸ ਦੀ ਮਾਤਾ ਨੂੰ ਆਂਢਣਾਂ-ਗੁਆਂਢਣਾਂ ਤੋਂ ਇਸ ਸ਼ਰਤ ਉੱਪਰ ਦਸ ਰੁਪਏ ਫੜ ਕੇ ਲਿਆਉਣੇ ਪੈਂਦੇ ਸਨ ਕਿ ਉਹ ਛੁੱਟੀਆਂ ਨੂੰ ਦਸ ਦੀ ਬਜਾਇ ਗਿਆਰਾਂ ਰੁਪਏ ਮੋੜੇਗੀ ਅਤੇ ਉਹ ਲਗਾਤਾਰ ਮੋੜਦੀ ਵੀ ਰਹੀ ਪਰ ਉਸ ਦੇ ਵਿਗੜ ਕਮਲ ਹੋਣ ਦੇ ਬਾਵਜੂਦ ਕਈ ਔਰਤਾਂ ਪੈਸੇ ਦੇਣ ਸਮੇਂ ਸੌ ਤਰ੍ਹਾਂ ਦੀਆਂ ਗੱਲਾਂ ਹੋਰ ਕਰਦੀਆਂ ਸਨ, ਜਿਨ੍ਹਾਂ ਦੀ ਵਜ੍ਹਾ ਨਾਲ ਉਸ ਦੀ ਮਾਤਾ ਦਾ ਸ੍ਵੈ-ਮਾਣ-ਆਹਤ ਹੋ ਜਾਂਦਾ ਸੀ। ਲੇਖਕ ਖੁਦ ਵੀ ਪੀੜਿਤ ਹੋ ਉੱਠਦਾ ਸੀ। ਇਸੇ ਪੀੜਾ ਦੇ ਨਿਵਾਰਨ ਲਈ ਉਸਨੇ ਜਾਗੀਰਦਾਰੀ ਪ੍ਰਬੰਧ ਦਾ ਵਿਰੋਧ ਕਰਨ ਵਾਲੀਆਂ ਛਿਟਪੁਟ ਕਵਿਤਾਵਾਂ ਦੀ ਰਚਨਾ ਕੀਤੀ। ਇਕ ਕਵਿਤਾ ਵਿੱਚ ਉਸਨੇ ਆਪਣੇ ਵਿਰੋਧੀ ਭਾਵਾਂ ਦਾ ਇਜ਼ਹਾਰ ਕੁਝ ਇਸ ਤਰ੍ਹਾਂ ਕੀਤਾ ਸੀ:

ਜੇ ਤਾਂ ਦਾਤੀਆਂ ਘੜਾਵਾਂ ਚਾਹੁੰਦੇ,
ਤੇਰੇ ਵਿਤੋਂ ਕਿਤਰ ਨਾ ਸਿਆਉਂਦੇ,

ਤੁਫ਼ ਤੇ ਤੁਗਿਆਰ, ਕਰ ਸ਼ੌਂਕਾਂ ਮਾਰੋ ਮਾਰ।

ਉਕਤ ਗੀਤ ਦੇ ਬੋਲ ਉਸਨੇ ਚੌਥੀ ਜਮਾਤ ਵਿੱਚ ਪੜ੍ਹਦਿਆਂ ਹੋਇਆਂ ਹੀ ਲਿਖ ਲਏ ਸਨ। ਅਗਾਂਹਵਧੂ ਪਰਵਾਰਕ ਮਾਹੌਲ ਉਹ ਤਿੰਨੀ ਦੇ ਨੈਸ਼ਨਲ ਮਿਡਲ ਸਕੂਲ ਵਿੱਚ ਦਾਖ਼ਲ ਹੋ ਗਿਆ। ਇਸ ਸਕੂਲ ਵਿੱਚ ਪੜ੍ਹਨ ਦੌਰਾਨ ਹੀ ਉਸਦਾ ਸਾਹਿਤਕਾਰ ਜਾਗ ਪਿਆ। ਇਸ ਸਕੂਲ ਵਿੱਚ ਪੰਜਾਬੀ ਦੇ ਅਧਿਆਪਕ ਗਿਆਨੀ ਸਾਧੂ ਸਿੰਘ ਦੀ ਅਗਵਾਈ ਅਧੀਨ ਇੱਕ ਸਾਹਿਤ ਸਭਾ ਵੀ ਚੱਲ ਰਹੀ ਸੀ। ਉਹਨਾਂ ਨੇ ਅਜਮੇਰ ਸਿੰਘ ਔਲਖ ਦੀ ਸਾਹਿਤ ਪ੍ਰਤੀ ਲਗਨ ਦੇਖ ਕੇ ਉਸ ਨੂੰ ਇਸ ਸਭਾ ਦਾ ਸਕੱਤਰ ਬਣਾ ਦਿੱਤਾ। ਇਸ ਦੌਰਾਨ ਉਸਨੇ ਸ. ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਸੰਤੋਖ ਸਿੰਘ ਧੀਰ ਦੀਆਂ ਕਈ ਰਚਨਾਵਾਂ ਪੜ੍ਹੀਆਂ। ਇਹਨਾਂ ਦੇ ਅਧਿਐਨ ਦੁਆਰਾ ਉਸਦੀ ਸਾਹਿਤਕ ਸੂਝ ਹੋਰ ਵੀ ਪ੍ਰਬਲ ਹੋ ਗਈ। ਦਸਵੀਂ ਪਾਸ ਕਰਨ ਉਪਰੰਤ ਉਚੇਰੀ ਪਾਸ ਕਾਲਜ ਵਿੱਚ ਪੜ੍ਹਨ ਦੇ ਨਾ ਤਾਂ ਆਰਥਿਕ ਵਸੀਲੇ ਸਨ ਅਤੇ ਨਾ ਹੀ ਉਸਨੂੰ ਕਿਸੇ ਧਾਰਮਿਕ ਸਹਾਇਤਾ ਮਿਲਣ ਦੀ ਆਸ ਸੀ। ਇਸ ਲਈ ਪ੍ਰਾਈਵੇਟ ਵਿਦਿਆਰਥੀ ਦੇ ਰੂਪ ਵਿੱਚ ਬੀ.ਏ. ਕਰਨ ਲਈ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ। ਬੀ.ਏ. ਕਰਨ ਉਪਰੰਤ ਉਸਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਪੰਜਾਬੀ ਕਰਨ ਦਾ ਸਬੱਬ ਬਣ ਗਿਆ। ਐਮ.ਏ. ਵਿੱਚ ਪੜ੍ਹਦਿਆਂ ਉਸਨੇ ਪੰਜਾਬੀ ਵਿੱਚ ਕਈ ਕਹਾਣੀਆਂ ਵੀ ਲਿਖੀਆਂ ਜੋ ਪੰਜਾਬੀ ਦੇ ਪ੍ਰਸਿੱਧ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ।

1965 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਕਰਨ ਉਪਰੰਤ ਅਜਮੇਰ ਔਲਖ ਨੇ ਮਾਨਸਾ ਵਿਖੇ ਉਸ ਸਾਲ ਖੁੱਲ੍ਹੇ ਨਹਿਰੂ ਮੈਮੋਰੀਅਲ ਕਾਲਜ ਵਿੱਚ ਪੰਜਾਬੀ ਲੈਕਚਰਾਰ ਦੀ ਆਸਾਮੀ ਉੱਪਰ ਨਿਯੁਕਤ ਕਰ ਲਿਆ। 1970 ਵਿੱਚ ਕਾਲਜ ਦੀਆਂ ਸਭਿਆਚਾਰਕ ਗਤੀਵਿਧੀਆਂ ਦਾ ਇਨਚਾਰਜ ਪ੍ਰੋ. ਐਸ.ਸੀ.

ਪੜਾਉਣ ਕਿਸੇ ਹੋਰ ਕਾਲਜ ਵਿਚ ਚੱਲਿਆ ਗਿਆ ਅਤੇ ਇਸ ਪ੍ਰਕਾਰ ਅਧਿਆਪਕ ਨੇ ਪੜ੍ਹਨਾਂ ਗਤੀਵਿਧੀਆਂ ਦਾ ਸਿਲਸਿਲਾ ਖ਼ਤਮ ਹੋ ਗਿਆ। ਉਸਨੇ ਪਹਿਲ ਵਲੋਂ ਹੀ ਕਈ ਸੱਭਿਆਚਾਰ ਪ੍ਰੋਗਰਾਮ ਆਯੋਜਿਤ ਕਰਵਾਏ। ਅਗਲੇ ਸਾਲ ਕਿਸੇ ਉਰਦੂ ਕਹਾਣੀਕਾਰ ਦੀ ਇਕ ਕਹਾਣੀ 'ਸ਼ੈਤਾਨ ਦਾ ਅਸਤੀਫ਼ਾ' ਉੱਪਰ ਇੱਕ ਨਾਟਕੀ ਸਕ੍ਰਿਪਟ ਤਿਆਰ ਕੀਤੀ। ਇਸ ਸਕ੍ਰਿਪਟ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਚ ਇੱਕ ਇਨਾਮ ਹਾਸਿਲ ਕੀਤਿਆ। ਜਿਸ ਕਾਰਨ ਲੇਖਕ ਦੀ ਇੱਕ ਨਾਟਕਕਾਰ ਵਜੋਂ ਸਰਾਹਨਾ ਹੋਣ ਲੱਗ ਪਈ। 1972 ਵਿੱਚ ਉਸਨੇ ਆਪਣਾ ਪਹਿਲਾ ਮੌਲਿਕ ਨਾਟਕ ਲਿਖਿਆ, 'ਜ਼ਿੰਦਗੀ ਤੇ ਇਨਸਾਫ਼' ਲਿਖਿਆ। 1973 ਵਿੱਚ ਉਸਨੇ ਗੁਰਚਰਨ ਸਿੰਘ ਜਸੂਜਾ ਲਿਖਤ ਨਾਟਕ 'ਸਸ ਉਦਾਸੀ ਦਾ ਭੂਤ' ਮੰਚਿਤ ਕੀਤਾ। ਅਗਲੇ ਵਰ੍ਹੇ ਉਸਨੇ ਆਪਣਾ ਇੱਕ ਚਰਚਿਤ ਨਾਟਕ 'ਬੀਬਾ ਕੁਈਰ' (1974) ਲਿਖਿਆ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਅਤੇ ਅੰਤਰ-ਖੇਤਰੀ ਮੇਲੇ ਵਿੱਚ ਮੰਚਿਤ ਕੀਤਾ। ਇਸ ਨਾਟਕ ਨੇ ਹਰ ਮੇਲੇ ਵਿੱਚ ਪਹਿਲਾ ਪੁਰਸਕਾਰ ਹਾਸਿਲ ਕੀਤਾ ਅਤੇ ਇਹਨੇ ਲੇਖਕ ਦੀ ਯੂਨੀਵਰਸਿਟੀਆਂ ਦੇ ਖੇਤਰੀ ਅਤੇ ਅੰਤਰ-ਖੇਤਰੀ ਮੇਲਿਆਂ ਵਿੱਚ ਵਿਸ਼ੇਸ਼ ਪਹਿਚਾਣ ਕਾਇਮ ਕਰ ਗਈ। ਉਸ ਦੁਆਰਾ ਲਿਖੇ ਕੁਝ ਪ੍ਰਸਿੱਧ ਲਘੂ-ਨਾਟ ਸੰਗ੍ਰਹਿ ਇਹ ਹਨ:-

1) **ਅਸਰਥ ਨਰਥ ਪ੍ਰਪੂਕਾਰ (1978)**: ਅਸਰਥ ਨਰਥ ਪੀਪੂਕਾਰ, ਬੇਗਾਨੇ ਬੋਹੜ ਦੀ ਛਾਂ, ਤ੍ਰਿਸ਼ੀ ਦਾਸ ਕੋਠਾ, ਬਾਲਨਾਥ ਦੇ ਟਿੱਲੇ 'ਤੇ ਅਤੇ ਸਿਰਜੇ ਦੀ ਮੌਤ।

ਖ) **ਬੇਗਾਨੇ ਬੋਹੜ ਦੀ ਛਾਂ (1981)**: ਬੇਗਾਨੇ ਬੋਹੜ ਦੀ ਛਾਂ, ਸੱਕੀ ਭੈਣ, ਇਕ ਰਾਮਾਇਣ ਹੋਰ, ਅਤੇ ਤੋਤ ਪੰਛਿਆਂ ਦਾ ਸੰਗ੍ਰਹਿ।

Scanned with OKEN Scanner

3) ਅੰਨ੍ਹੇ ਨਿਸ਼ਾਨਚੀ (1981): ਅੰਨ੍ਹੇ ਨਿਸ਼ਾਨਚੀ, ਬਹਿਕਦਾ ਰੋਹ, ਸਿੱਧਾ ਰਾਹ ਵਿੰਗਾ ਬੰਦਾ, ਬੁਰਸ਼ ਤੇਜ਼ ਅਤੇ ਰਾਹਗੀਰ।

4) ਮੇਰੇ ਚੋਣਵੇਂ ਇਕਾਂਗੀ (1984): ਅਰਬਦ ਨਰਬਦ ਧੁੰਧੂਕਾਰਾ, ਬਗਾਨੇ ਬੋਹੜ ਦੀ ਛਾਂ, ਤੂਤੀ ਵਾਲਾ ਕੋਠਾ, ਅੰਨ੍ਹੇ ਨਿਸ਼ਾਨਚੀ ਅਤੇ ਇਕ ਰਮਾਇਣ ਹੋਰ।

5) ਤੱਈਆਂ ਬਾਗ (1986): ਵਰਿਆਮ ਸੰਧੂ ਦੀ ਕਹਾਣੀ ਉਪਰ ਆਧਾਰਿਤ ਪੂਰਾ ਨਾਟਕ।

6) ਸੱਤ ਬਗਾਨੇ (1988): ਮੌਲਿਕ ਪੂਰਾ ਨਾਟਕ।

7) ਗਾਨੀ (1990): ਗਾਨੀ, ਤੇਜ਼ਾਂ ਤੇ ਛਾਂਗਾ।

8) ਕਿਹਰ ਸਿੰਘ ਦੀ ਮੌਤ (1992): ਮੌਲਿਕ ਪੂਰਾ ਨਾਟਕ।

9) ਸਲਵਾਨ (1994): ਸਲਵਾਨ ਤੇ ਇਕ ਸੀ ਦਰਿਆ।

10) ਝਨਾਂ ਦੇ ਪਾਣੀ (1996): ਪੂਰਾ ਨਾਟਕ।

11) ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ (2003): ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ, ਨਿਉਂ ਜੜ, ਅੰਨ੍ਹੇਰ ਕੋਠੜੀ, ਕਲਪ ਅੰਨ੍ਹੇਰੇ ਅਤੇ ਲੋਹੇ ਦਾ ਪੁੱਤ।

ਅਜਮੇਰ ਸਿੰਘ ਔਲਖ ਆਪਣੀ ਹੀ ਪੂਰੀ ਵਚਨਬੱਧਤਾ ਅਤੇ ਸਿਦਕ ਨਾਲ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਨਾਲ ਜੁੜਿਆ ਰਿਹਾ ਹੈ। ਇਸ ਦੀ ਸੇਵਾ ਸ਼ਮੂਲੀਅਤ ਤੋਂ ਬਿਨਾ ਪੰਜਾਬੀ ਨਾਟਕ ਦਾ ਇਤਿਹਾਸ ਸਦਾ ਅਧੂਰਾ ਰਹਿੰਦਾ ਹੈ।